

# ਲੜਕੀਆਂ ਲਈ ਮਾਹਵਾਰੀ ਸਫਾਈ ਪ੍ਰੋਗਰਾਮ

## 2022 ਦੀ ਦੂਜੀ (2) ਟਰਮ ਵਿੱਚ NSW ਦੇ ਪਬਲਿਕ ਸਕੂਲਾਂ ਵਿੱਚ ਆ ਰਿਹਾ ਹੈ

NSW ਦਾ ਸਿਖਿਆ ਵਿਭਾਗ (Department of Education) 2022 ਦੀ ਦੂਜੀ (2) ਟਰਮ ਤੋਂ, ਹਰੇਕ NSW ਦੇ ਪਬਲਿਕ ਸਕੂਲ ਵਿੱਚ ਵਿਦਿਆਰਥੀਆਂ ਲਈ ਮਾਹਵਾਰੀ ਸਫਾਈ ਸਹਾਇਤਾ ਦੀ ਪੇਸ਼ਕਸ਼ ਕਰ ਰਿਹਾ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਕਿਸੇ ਵੀ ਰੁਕਾਵਟ ਨੂੰ ਘਟਾਉਣਾ ਹੈ ਜੋ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਕੂਲੀ ਜੀਵਨ ਵਿੱਚ ਪੂਰੀ ਤਰ੍ਹਾਂ ਭਾਗ ਲੈਣ ਤੋਂ ਰੋਕ ਸਕਦੀ ਹੈ।

### ਤੁਹਾਨੂੰ ਕੀ ਜਾਣਨ ਦੀ ਲੋੜ ਹੈ:

- ਮਾਹਵਾਰੀ ਪ੍ਰੋਗਰਾਮ ਵਿਦਿਆਰਥੀਆਂ ਨੂੰ ਸਾਫ ਸਮੱਗਰੀ ਜਿਵੇਂ ਕਿ ਪੈਡਜ਼ ਅਤੇ ਟੈਂਪੂੰਨ ਪ੍ਰਦਾਨ ਕਰਦਾ ਹੈ।
- ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਸਕੂਲ ਵਿੱਚ ਸਾਫ-ਸੁਥਰੇ ਉਤਪਾਦਾਂ ਦੀ ਪੇਸ਼ਕਸ਼ ਕਰਕੇ ਉਹਨਾਂ ਲਈ ਸਿਹਤ ਜੋਖਮਾਂ ਨੂੰ ਘਟਾਉਣਾ ਹੈ ਜੋ ਨਿਯਮਤ ਤੌਰ ‘ਤੇ ਬਦਲੇ ਜਾ ਸਕਦੇ ਹਨ।
- ਸਾਫ-ਸੁਥਰੇ ਉਤਪਾਦਾਂ ਤੱਕ ਪਹੁੰਚ ਵਾਲੇ ਵਿਦਿਆਰਥੀ ਭਰੋਸੇ ਨਾਲ ਦੂਜਿਆਂ ਨਾਲ ਸਕੂਲ ਵਿੱਚ ਆਪਣੀਆਂ ਸਿੱਖਣ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖ ਸਕਦੇ ਹਨ।
- 2022 ਦੀ ਦੂਜੀ (2) ਟਰਮ ਤੋਂ, ਹਰੇਕ ਸਕੂਲ ਵਿਦਿਆਰਥੀਆਂ ਨੂੰ ਪੈਡਜ਼ ਅਤੇ ਟੈਂਪੂੰਨਾਂ ਦੇ ਰੂਪ ਵਿੱਚ ਮੁਫਤ ਸਫਾਈ ਉਤਪਾਦਾਂ ਤੱਕ ਪਹੁੰਚ ਦੀ ਪੇਸ਼ਕਸ਼ ਕਰੇਗਾ।
- ਸਫਾਈ ਉਤਪਾਦਾਂ ਨੂੰ ਇੱਕ ਸਾਫ ਡਿਸਪੈਂਸਰ ਵਿੱਚ ਸਟੋਰ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਉਹਨਾਂ ਦੇ ਸਕੂਲ ਦੁਆਰਾ ਦੱਸਿਆ ਜਾਵੇਗਾ ਕਿ ਉਹ ਡਿਸਪੈਂਸਰਾਂ ਤੱਕ ਸੁਵਿਧਾਨਕ ਅਤੇ ਵਿਵੇਕ ਨਾਲ ਪਹੁੰਚ ਕਰ ਸਕਦੇ ਹਨ।
- 31 ਸਕੂਲਾਂ ਵਿੱਚ ਇਨ੍ਹਾਂ ਸਵੱਛਤਾ ਉਤਪਾਦਾਂ ਦੀ ਜਾਂਚ ਕੀਤੀ ਗਈ ਅਤੇ ਵਿਦਿਆਰਥੀਆਂ ਅਤੇ ਪੀਂਸੀਪਲਾਂ ਨੇ ਸਾਕਾਰਾਤਮਕ ਅਨੁਭਵ ਦੀ ਰਿਪੋਰਟ ਕੀਤੀ।

ਜੇ ਤੁਹਾਡੇ ਕੋਈ ਪ੍ਰਸ਼ਨ ਹਨ ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ।